# ਰਾਜ ਕੋਮਾਰ ਤੇ ਰੂਪ ਕੋਰ



ਖ਼ੂਨਾ ਦੀਆਂ ਸੂਹਾ ਕਢਨ ਵਾਲਾ ਅਸਚਰਜ ਮਜ਼ੇਦਾਰ ਨਾਵਲ

**ਭਾਈ ਛਤਰ ਸਿੰਘ ਜੀਵਨ ਸਿੰਘ**

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

22686

੧ ਓ ਸਤਿਗੁਰਪ੍ਰਸਾਦਿ ॥

# ਵਿਮੋਹ

(੧)

ਪ੍ਰੇਮ ਕੌਰ ਦੇ ਮਲਿਨ ਸੁਖ-ਮੰਡਲ ਤੇ ਅਰਣ ਲੋਚਣਾਂ ਨੂੰ ਵੇਖਕੇ ਕੌਣ ਇਹ ਅਨਭਵ ਨਹੀਂ ਕਰ ਸਕਦਾ ਹੈ ਕਿ ਉਸਨੇ ਸਾਰੀ ਰਾਤ ਰੋਂਦਿਆਂ ਤੇ ਹਾਵੇ ਲੈਂਦਿਆ ਕਟੀ ਹੈ, ਇਸ ਵੇਲੇ ਵੀ ਉਸ ਦੀਆਂ ਪੀਲੀਆਂ ੨ ਗਲਾਂ ਤੇ ਅਥਰੂ ਡਿਗਣ ਦੇ ਚਿਨ ਸਾਫ਼ ਵਖਾਈ ਦੇਂਦੇ ਹਨ, ਉਸ ਦੀਆਂ ਅਖਾਂ ਇਸ ਗਲ ਦੀ ਸ਼ਾਦੀ ਹਨ ਕਿ ਉਸ ਨੇ ਆਪਣੀ ਹਾ ਹਾ ਕਾਰ ਨੂੰ ਰੋਕਣ ਲਈ ਬਥੇਰਾ ਯਤਨ ਕੀਤਾ ਹੈ ਪਰ............

ਉਸ ਦੇ ਕੋਲ ਹੀ ਉਸ ਦੀ ਚਾਚੀ ਮਨ-ਮੋਹਣ ਕੌਰ ਸਥਰ ਤੇ ਪਈ ਹੋਈ ਹੈ, ਉਸਦੇ ਚੇਹਰੇ ਤੇ ਅੰਮ੍ਰਤ ਵੇਲੇ ਦੀਆਂ ਸੂਰਜ ਦੀਆਂ ਕ੍ਰਿਨਾ ਪੈ ਰਹੀਆਂ ਹਨ,

ਪ੍ਰੇਮ ਕੌਰ ਦੇ ਦੁਖਾਂ ਦਾ ਪਹਾੜ ਟੁਟ ਪਿਆ

ਉਸਦੇ ਦੁਖਾਂ ਰੁਖੀ ਸਾਗਰ ਦਾ ਕੋਈ ਥਾਹ ਨਹੀਂ ਔਂਦਾ ਅਜ ਤੋਂ ਪੰਜ ਵਰੇ ਪੈਹਲਾਂ ਜਦ ਉਸਨੇ ਅਪਣੀ ਪਿਆਰੀ ਮਾਤਾ ਨੂੰ ਅਪਣੀ ਹਥੀ ਲੰਬੂ ਦਿਤਾ ਸੀ ਤਾਂ ਉਸ ਦਿਨ ਉਸ ਦੀ ਚਾਚੀ ਨੇ ਉਸ ਦੀ ਬਾਹ ਫੜੀ ਸੀ ਤੇ ਉਸ ਨੂੰ ਧੀਰਜ ਦਿਤੀ ਸੀ ਛੋਟੀ ਅਵਸਥਾ ਵਿਚ ਹੀ ਪ੍ਰੇਮ ਕੌਰ ਦਾ ਪਿਤਾ ਉਸ ਨੂੰ ਉਸਦੀ ਮਾਤਾ ਦੀ ਗੋਦੀ ਵਿਚ ਛਡਕੇ ਪਰਮਧਾਮ ਦੀ ਯਾਤਰਾ ਲਈ ਚਲੇ ਗਏ ਸਨ, ਯੁਵਾ ਅਵਸਥਾ ਦੀ ਪ੍ਰਿਥਮ ਪ੍ਰਭਾਤ ਵਿਚ ਪਤੀ ਦੇ ਪਵਿਤ੍ਰ ਹਥਾਂ ਵਿਚ ਸੌਂਪ ਕੇ ਉਸ ਦੀ ਮਾਤਾ ਨੇ ਵੀ ਪਤੀ ਲੋਕ ਨੂੰ ਪ੍ਰਬਢਲ ਕਰ ਦਿਤਾ ਸੀ। ਏਸੇ ਲਈ ਉਸ ਵੇਲੇ ਜਦ ਇਸਤੇ ਦੁਖਾਂ ਦੀ ਬਿਝ ਆ ਪਈ ਤਾਂ ਉਸ ਦੀ ਚਾਚੀ ਨੇ ਉਸਨੂੰ ਅਪਣੇ ਹਿਰਦੇ ਨਾਲ ਲਾ ਲਿਆ ਸੀ ਤੇ ਅਜਿਆ ਪਿਆਰ ਉਸ ਨਾਲ ਕਰਦੀ ਸੀ ਕਿ ਅਜ ਤਕ ਇਕ ਸਕਿੰਟ ਲਈ ਵੀ ਸਨੇਹ ਮਈ ਜਨਨੀ ਤੇ ਪ੍ਰੇਮ ਮਈ ਪਿਤਾ ਨੂੰ ਅਨਭਵ ਨਹੀਂ ਹੋਣ ਦਿਤਾ ਸੀ, ਉਨਾਂ ਨੇ ਪ੍ਰੇਮ ਕੌਰ ਨੂੰ ਲਿਆਕੇ



ਅਪਣੇ ਘਰ ਦੀ ਰਾਣੀ ਬਨਾ ਦਿਤਾ ਸੀ ਉਨਾਂ ਨੇ ਧੀਰੇ ੨ ਪਵਿਤ੍ਰ ਉਪਦੇਸ਼ਾਂ ਦਵਾਰਾਂ ਉਸਦੇ ਹਿਰਦੇ ਦੇ ਦੁਖਾਂ ਦੇ ਹਾ ਹਾ ਕਾਰ ਨੂੰ ਬਹੁਤ ਸਾਰਾ ਸਾਂਤ ਕਰ ਦਿਤਾ ਸੀ, ਜਿਸ ਵੇਲੇ ਕਿਤੇ ਪ੍ਰੇਮ ਕੌਰ ਨੂੰ ਕੋਈ ਪਿਛਲੀ ਗਲ ਯਾਦ ਆ ਜਾਂਦੀ ਸੀ ਤੇ ਉਸਦੀਆਂ ਭੁਬਾਂ ਨਿਕਲ ਜਾਂਦੀਆਂ ਸਨ ਉਸ ਵੇਲੇ ਉਸਦੀ ਪਿਆਰੀ ਚਾਚੀ ਬੜੇ ਪ੍ਰੇਮ ਨਾਲ ਉਸ ਨੂੰ ਗੋਦੀ ਵਿਚ ਲੈਕੇ ਕਈ ੨ ਘੰਟੇ ਪ੍ਰੇਮ ਕਰਦੀ ਰਹਿੰਦੀ ਸੀ ਜਿਸ ਵੇਲੇ ਪ੍ਰੇਮ ਕੌਰ ਦੀਆਂ ਮੋਟੀਆਂ ੨ ਅਖਾਂ ਤੋਂ ਉਸਦੀ ਚਾਚੀ ਅਪਣੇ ਪਲੇ ਨਾਲ ਉਸ ਦੇ ਅਥਰੂ ਪੂੰਜਦੀ ਤਾਂ ਉਸ ਨੂੰ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਸਦੀ ਕਠੋਰ ਵੇਦਨਾ ਤੇ ਕਿਸੇ ਨੇ ਸੀਤਲ ਚੰਦਨ ਦਾ ਲੇਪ ਕਰ ਦਿਤਾ ਸੀ ਉਨਾਂ ਦੇ ਸੁਖ-ਮੰਡਲ ਵਿਚ ਜਿਸ ਵੇਲੇ ਸ਼ਾਂਤ ਮਈ ਸਾਤਵਨਾ ਦੀਆਂ ਘਟਨਾਵਾਂ ਦੀ ਧਾਰਾ ਵਨਿਰਲਾਤ ਹੁੰਦੀ ਸੀ ਉਸ ਸਮੇ ਪ੍ਰੇਮ ਕੌਰ ਦੇ ਵਿਆਕੁਲ ਹਿਰਦੇ ਦੀ ਕਾਰਣ ਜਵਾਲਾ ਉਸ ਵਿਚ ਵਲੀਨ ਹੋ ਜਾਂਦੀ ਸੀ, ਚਾਚੀ ਜੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.